# 'ਮੁੱਖ ਮੁੱਦਿਆਂ ਦੀ ਪਛਾਣ ਕਰਨੀ ਜ਼ਰੂਰੀ'-ਬਾਬਾ ਬਿਲਗਾ

## ਤੀਜੀ ਵਿਸ਼ਵ ਪੰਜਾਬੀ ਕਾਨਫ਼ਰੰਸ ਦੀ ਸ਼ਾਨਦਾਰ ਸ਼ੁਰੂਆਤ




ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਸ਼ੁਰੂ ਹੋਈ ਵਿਸ਼ਵ ਪੰਜਾਬੀ ਕਾਨਫ਼ਰੰਸ ਦੇ ਉਦਘਾਟਨੀ ਸੈਸ਼ਨ ਵਿਚ ਸੰਬੋਧਨ ਕਰਦੇ ਹੋਏ ਦੇਸ਼ ਭਗਤ ਬਾਬਾ ਭਗਤ ਸਿੰਘ ਬਿਲਗਾ ਅਤੇ ਮੰਚ 'ਤੇ ਬੈਠੇ (ਖੱਬਿਓਂ) ਭੁਪਿੰਦਰ ਸਿੰਘ ਮੱਲ੍ਹੀ, ਡਾ: ਜੋਗਿੰਦਰ ਸਿੰਘ ਪੁਆਰ, ਪ੍ਰੋ: ਪ੍ਰੀਤਮ ਸਿੰਘ, ਡਾ: ਕਰਨੈਲ ਸਿੰਘ ਥਿੰਦ ਅਤੇ ਸੁੱਚਾ ਸਿੰਘ ਦੀਪਕ। ਤਸਵੀਰਾਂ : ਆਰ. ਐਨ. ਸਿੰਘ

ਜਲੰਧਰ, 15 ਫਰਵਰੀ (ਬਲਬੀਰ ਸਿੰਘ ਵਾਸੀ)–'ਪੰਜਾਬੀ ਭਾਸ਼ਾ ਅਤੇ ਪੰਜਾਬੀ ਕੌਮ ਦੀ ਗੱਲ ਦੇ ਨਾਲ-ਨਾਲ ਇਸ ਦੌਰ ਵਿਚ ਇਹ ਦੇਖਣਾ ਵੀ ਜ਼ਰੂਰੀ ਹੈ ਕਿ ਸਾਡਾ ਮੁੱਖ ਕੇਂਦਰ-ਬਿੰਦੂ ਕੀ ਹੋਵੇ। ਇਨਸਾਨੀਅਤ ਦੀ ਪਛਾਣ ਕਰਨਾ, ਕਿਸਾਨਾਂ ਦੇ ਮਸਲਿਆਂ, ਆਰਥਿਕ ਤੌਰ 'ਤੇ ਲਿਤਾੜੇ ਲੋਕਾਂ ਦੀਆਂ ਚਿੰਤਾਵਾਂ ਨੂੰ ਗੌਲਣਾ ਜ਼ਰੂਰੀ ਹੈ।' ਇਹ ਵਿਚਾਰ ਬਾਬਾ ਭਗਤ ਸਿੰਘ ਬਿਲਗਾ ਨੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਸ਼ੁਰੂ ਹੋਈ 4-ਰੋਜ਼ਾ ਵਿਸ਼ਵ ਪੰਜਾਬੀ ਕਾਨਫ਼ਰੰਸ ਦੇ ਉਦਘਾਟਨੀ ਸਮਾਰੋਹ ਸਮੇਂ ਬੋਲਦਿਆਂ ਪੇਸ਼ ਕੀਤੇ। '21ਵੀਂ ਸਦੀ ਵਿਚ ਕੌਮਾਂ ਦੀ ਉਸਾਰੀ, ਪੰਜਾਬੀ ਕੌਮ ਤੇ ਪੰਜਾਬੀ ਦਰਸ਼ਨ' ਦੇ ਵਿਸ਼ੇ ਨੂੰ ਸਨਮੁੱਖ ਰੱਖ ਕੇ ਕਾਨਫ਼ਰੰਸ ਦਾ ਆਰੰਭ ਸੰਨ '47 ਦੇ ਕਤਲੇਆਮ ਵਿਚ ਅਜਾਈਂ ਗਈਆਂ ਜਾਨਾਂ, ਪੰਜਾਬੀ ਕੌਮ ਦੇ ਸਮੂਹ ਸ਼ਹੀਦਾਂ ਅਤੇ ਪੰਜਾਬੀ ਦੇ ਵਿਦਵਾਨ ਡਾ: ਪ੍ਰੇਮ ਪ੍ਰਕਾਸ਼ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਕੇ ਹੋਇਆ। ਸਮਾਗਮ ਦੇ ਸ਼ੁਰੂ ਵਿਚ ਪ੍ਰੋ: ਬੀ. ਐਸ. ਨਾਰੰਗ ਦੀ ਦਰਦ-ਭਰੀ ਆਵਾਜ਼ ਵਿਚ ਗਾਏ ਗੀਤ 'ਮੈਂ ਪੰਜਾਬ ਹਾਂ' ਅਤੇ ਬਾਬਾ ਅਮਨਦੀਪ ਕਾਲਜ ਮੁਕੰਦਪੁਰ ਦੇ ਵਿਦਿਆਰਥੀਆਂ ਵੱਲੋਂ ਧਨੀ ਰਾਮ ਚਾਤ੍ਰਿਕ ਵੱਲੋਂ ਗਾਏ 'ਐ ਪੰਜਾਬ ਕਰਾਂ ਕੀ ਸਿਫ਼ਤ ਤੇਰੀ' ਗੀਤ ਨੇ ਸਰੋਤਿਆਂ ਨੂੰ ਕੀਲਿਆ। ਬਾਬਾ ਭਗਤ ਸਿੰਘ ਬਿਲਗਾ, ਪ੍ਰੋਫੈਸਰ ਪ੍ਰੀਤਮ ਸਿੰਘ, ਡਾ: ਜੋਗਿੰਦਰ ਸਿੰਘ ਪੁਆਰ ਤੇ ਡਾ: ਕਰਨੈਲ ਸਿੰਘ ਥਿੰਦ ਦੀ ਪ੍ਰਧਾਨਗੀ ਹੇਠ ਸ਼ੁਰੂ ਹੋਏ ਸਮਾਗਮ 'ਚ ਭੁਪਿੰਦਰ ਸਿੰਘ ਮੱਲ੍ਹੀ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਸੁੱਚਾ ਸਿੰਘ ਦੀਪਕ ਨੇ ਰਿਪੋਰਟ ਵਿਚ ਇਸ ਕਾਨਫ਼ਰੰਸ ਦੀ ਅਹਿਮੀਅਤ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ 'ਅੱਜ ਸੰਸਾਰੀਕਰਨ ਦੇ ਯੁੱਗ ਵਿਚ ਵੱਡੀਆਂ ਸ਼ਕਤੀਆਂ ਦੇ ਦਬਾਅ ਹੇਠ ਕੌਮਾਂ ਦੀਆਂ ਜ਼ੁਬਾਨਾਂ ਮਰ ਰਹੀਆਂ ਹਨ, ਸੱਭਿਆਚਾਰ ਪਲੀਤ ਹੋ ਰਹੇ ਹਨ ਅਤੇ ਦਰਸ਼ਨ ਰਲਗੱਡ ਕੀਤੇ ਜਾ ਰਹੇ ਹਨ।' ਇਸ ਲਈ ਪੰਜਾਬੀ ਲੋਕਾਂ ਨੂੰ ਸੱਦਾ ਦਿੱਤਾ ਗਿਆ ਹੈ ਕਿ ਇਸ ਮੁਨਾਫ਼ਾਪ੍ਰਧਾਨ ਸਮਾਜ ਵਿਚ ਆਪਣੀਆਂ ਕਦਰਾਂ-ਕੀਮਤਾਂ, ਆਪਣੇ ਵਿਰਸੇ, ਆਪਣੀ ਰਹਿਤਲ ਅਤੇ ਆਪਣੀ ਮਾਨ-ਮਰਯਾਦਾ ਨੂੰ ਬਚਾਉਣ ਲਈ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਇਸ ਵਿਸ਼ੇ 'ਤੇ ਡੂੰਘੀ ਤੇ ਗੰਭੀਰ ਵਿਚਾਰ-ਚਰਚਾ ਕਰਨ ਦੀ ਲੋੜ ਹੈ। ਅਮਨ, ਸਦਭਾਵਨਾ, ਸਥਿਰਤਾ ਅਤੇ ਮਨੁੱਖ ਦੇ ਕੁਦਰਤ ਨਾਲ ਇਕ ਸੁਰ ਸੰਤੁਲਤ ਸਰਬਪੱਖੀ ਵਿਕਾਸ ਲਈ ਕੌਮਾਂ ਦੇ ਸਵਾਲ ਦਾ ਹੱਲ ਹੋਣਾ ਬੇਹੱਦ ਜ਼ਰੂਰੀ ਹੈ। ਹਰ ਕੌਮ ਨੂੰ ਆਪਣੀ ਜ਼ੁਬਾਨ, ਆਪਣੇ ਸੱਭਿਆਚਾਰ ਅਤੇ ਆਪਣੇ ਦਰਸ਼ਨ ਮੁਤਾਬਿਕ ਵਿਕਾਸ ਕਰਨ ਦੇ ਮੌਕੇ ਮਿਲਣੇ ਚਾਹੀਦੇ ਹਨ ਅਤੇ ਹਰ ਕੌਮ ਦੀ ਪਛਾਣ ਕਾਇਮ ਰਹਿਣੀ ਚਾਹੀਦੀ ਹੈ।' ਰਿਪੋਰਟ ਵਿਚ ਭਾਰਤ ਅਤੇ ਪਾਕਿਸਤਾਨ ਅੰਦਰਲੇ ਬਹੁਤੇ ਟਕਰਾਵਾਂ ਅਤੇ ਤਣਾਵਾਂ ਦਾ ਕਾਰਨ ਕੌਮੀ ਸਵਾਲ ਦੇ ਹੱਲ ਨਾ ਹੋਣ ਨੂੰ ਦਸਦਿਆਂ ਇਸ ਨੂੰ ਠੀਕ ਤਰ੍ਹਾਂ ਸੁਲਝਾਉਣ 'ਤੇ ਜ਼ੋਰ ਦਿੱਤਾ ਗਿਆ। ਪੰਜਾਬੀ ਬੋਲੀ ਦੇ ਨਿਧੜਕ ਤੇ ਬਜ਼ੁਰਗ ਪ੍ਰੋਫੈਸਰ ਪ੍ਰੀਤਮ ਸਿੰਘ ਨੇ ਬਹੁਤ ਹੀ ਜਜ਼ਬਾਤੀ ਪਰਚੇ ਵਿਚ ਕਾਨਫ਼ਰੰਸ ਵਿਚ ਜੁੜੀ ਸੰਗਤ ਨਾਲ ਕੁਝ ਖਰੀਆਂ ਗੱਲਾਂ ਕੀਤੀਆਂ। ਉਨ੍ਹਾਂ ਨੇ ਕਾਨਫ਼ਰੰਸ ਦੇ ਪ੍ਰਬੰਧਕਾਂ

ਦੀ ਪ੍ਰਸੰਸਾ ਕਰਦਿਆਂ ਪੰਜਾਬੀ ਪਿਆਰਿਆਂ ਅਤੇ ਸਰਕਾਰਾਂ ਨੂੰ ਪੰਜਾਬੀ ਬੋਲੀ ਦੀ ਰਾਖੀ ਕਰਨ ਦਾ ਮਿਹਣਾ ਮਾਰਦਿਆਂ ਕਿਹਾ ਕਿ ਜਦੋਂ ਪੰਜਾਬੀ ਸੂਬੇ ਦੀ ਮੰਗ ਲਈ 2 ਦਹਾਕੇ ਲੜਨ ਵਾਲੀ ਪਾਰਟੀ ਨੇ ਆਪਣੇ ਰਾਜ ਅੰਦਰ ਸਾਰੇ ਸਕੂਲਾਂ ਵਿਚ ਪਹਿਲੀ ਤੋਂ ਅੰਗਰੇਜ਼ੀ ਭਾਸ਼ਾ ਲਾਗੂ ਕਰਨ ਦਾ ਸਿੱਟਾ ਅੱਜ ਪੰਜਾਬੀ ਬੋਲੀ ਦੀ ਹੋ ਰਹੀ ਦੁਰਦਸ਼ਾ 'ਚ ਨਿਕਲਿਆ ਹੈ। ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਬੜਾ ਸਪੱਸ਼ਟ ਹੋ ਕੇ ਕਿਹਾ ਕਿ ਅਸੀਂ ਅੰਗਰੇਜ਼ੀ ਜਾਂ ਕਿਸੇ ਹੋਰ ਭਾਸ਼ਾ ਦੇ ਵਿਰੋਧੀ ਨਹੀਂ ਹਾਂ ਪਰ ਅਸੀਂ ਇਹ ਨਹੀਂ ਚਾਹੁੰਦੇ ਕਿ ਸਾਡੇ ਬੱਚੇ ਦਿਮਾਗ਼ 'ਤੇ ਪਹਿਲੇ ਚਾਰ ਸਾਲ ਪੰਜਾਬੀ ਦੀ ਥਾਂ ਪੰਜਾਬੀ ਦੇ ਨਾਲ ਕਿਸੇ ਹੋਰ ਭਾਸ਼ਾ ਦਾ ਬੋਝ ਪਾ ਕੇ ਉਨ੍ਹਾਂ ਦੇ ਕੁਦਰਤੀ ਵਿਕਾਸ ਨੂੰ ਰੋਕਿਆ ਜਾਵੇ। ਡਾ: ਜੋਗਿੰਦਰ ਸਿੰਘ ਪੁਆਰ ਨੇ ਪ੍ਰਧਾਨਗੀ ਭਾਸ਼ਣ ਵਿਚ ਕਾਨਫ਼ਰੰਸ ਦੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਹੋਇਆਂ 4-ਰੋਜ਼ਾ ਕਾਨਫ਼ਰੰਸ ਵਿਚ ਸ਼ਾਮਿਲ ਹੋਏ ਸਮੂਹ ਡੈਲੀਗੇਟਾਂ ਨੂੰ ਅਗਲੇ ਦਿਨ ਪੂਰੀ ਤਰ੍ਹਾਂ ਨਿੱਠ ਕੇ ਇਸ ਗੰਭੀਰ ਚਰਚਾ ਵਿਚ ਹਿੱਸਾ ਲੈਣ ਦੀ ਪ੍ਰੇਰਨਾ ਕੀਤੀ। ਬਾਅਦ ਵਿਚ ਹਾਵਰਡ ਯੂਨੀਵਰਸਿਟੀ ਅਮਰੀਕਾ ਤੋਂ ਵਿਸ਼ੇਸ਼ ਤੌਰ 'ਤੇ ਕਾਨਫ਼ਰੰਸ ਵਿਚ ਹਿੱਸਾ ਲੈਣ ਆਏ ਫਿਲਾਸਫੀ ਦੇ ਪ੍ਰੋਫੈਸਰ ਡਾ: ਜਸਪਾਲ ਸਿੰਘ ਦੀ ਪ੍ਰਧਾਨਗੀ ਹੇਠ ਸ਼ੁਰੂ ਹੋਏ ਸੈਸ਼ਨ ਵਿਚ 'ਕੌਮ ਦਾ ਸੰਕਲਪ, ਬਣਤਰ ਅਤੇ ਵਿਕਾਸ ਤੇ ਪੰਜਾਬੀ ਕੌਮ ਦੇ ਮਸਲਿਆਂ' ਨੂੰ ਵਿਚਾਰਨ ਲਈ ਸੁੱਚਾ ਸਿੰਘ ਦੀਪਕ, ਹਰਕਿਸ਼ਨ ਸਿੰਘ ਮਹਿਤਾ, ਡਾ: ਰੌਣਕੀ ਰਾਮ ਅਤੇ ਡਾ: ਮਨਜ਼ੂਰ ਇਜਾਜ਼ ਨੇ ਪਰਚੇ ਪੜ੍ਹੇ ਅਤੇ ਵਿਚਾਰ ਪੇਸ਼ ਕੀਤੇ। ਸੰਸਾਰੀਕਰਨ ਦੇ ਇਸ ਦੌਰ ਵਿਚ ਪੰਜਾਬੀ ਕੌਮ ਦੀ ਨਿੱਘਰ ਰਹੀ ਹਾਲਤ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਦਿਆਂ ਸੁੱਚਾ ਸਿੰਘ ਦੀਪਕ ਨੇ ਕਿਹਾ ਕਿ 'ਪੰਜਾਬੀ ਕੌਮ ਤੇ ਉਸ ਦੀ ਬੋਲੀ ਦਾ ਇਹ ਭੈੜਾ ਹਾਲ ਇਸ ਲਈ ਹੈ ਕਿ ਪੰਜਾਬੀ ਕੌਮ ਅਤੇ ਲੋਕ ਖ਼ੁਦਮੁਖਤਿਆਰ ਅਤੇ ਆਜ਼ਾਦ ਨਹੀਂ ਹਨ। ਸਾਰੀਆਂ ਕੌਮਾਂ ਦੇ ਕੌਮੀ ਹੱਕ ਤਸਲੀਮ ਹੋਣ ਨਾਲ ਹੀ ਦੱਖਣੀ ਏਸ਼ੀਆ ਦੇ ਲੋਕਾਂ ਦੀ ਏਕਤਾ ਹੋਰ ਮਜ਼ਬੂਤ ਹੋ ਸਕਦੀ ਹੈ।' ਹਰਕਿਸ਼ਨ ਸਿੰਘ ਮਹਿਤਾ ਅਤੇ ਸਵਰਨਜੀਤ ਮਹਿਤਾ ਦੇ ਪਰਚੇ ਦਾ ਤੱਤ ਇਹ ਸੀ ਕਿ 'ਕੌਮ ਇਕ ਸੱਭਿਆਚਾਰਕ ਸੰਕਲਪ ਹੈ। ਕਿਸੇ ਸੱਭਿਆਚਾਰ ਦੀ ਪਹਿਚਾਣ ਉਸ ਦੀ ਭਾਸ਼ਾ ਤੋਂ ਹੁੰਦੀ ਹੈ ਕਿਉਂ ਜੋ ਭਾਸ਼ਾ ਦੇ ਵਿਕਾਸ ਅਤੇ ਵਰਤੋਂ ਦੇ ਨਾਲ ਹੀ ਮਨੁੱਖੀ ਸਮੂਹ ਬੌਧਿਕ ਤੌਰ 'ਤੇ ਤਾਕਤਵਰ ਬਣਦੇ ਹਨ ਅਤੇ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਤੌਰ 'ਤੇ ਤਰੱਕੀ ਕਰਦੇ ਹਨ। ਡਾ: ਰੌਣਕੀ ਰਾਮ ਨੇ ਆਪਣੇ ਪਰਚੇ 'ਚੜ੍ਹਦੇ ਪੰਜਾਬ ਵਿਚ ਪੰਜਾਬੀ ਕੌਮ ਦੇ ਜਾਤੀ ਅਤੇ ਜਮਾਤੀ ਮਸਲਿਆਂ' ਵਿਚ ਪੰਜਾਬੀ ਕੌਮ ਦੇ ਬਹੁ-ਜਾਤੀ ਹਕੀਕਤ ਨੂੰ ਪ੍ਰਵਾਨ ਕਰਦਿਆਂ ਹੋਇਆਂ ਇਹ ਅਨੁਭਵ ਕੀਤਾ ਕਿ ਸਿੱਖ ਪੰਥ ਦੀ ਹੋਂਦ ਇਸ ਕੋਹੜ ਦੀਆਂ ਜੜ੍ਹਾਂ ਖ਼ਤਮ ਕਰਕੇ ਜਿਥੇ ਪੰਜਾਬੀ ਕੌਮ ਨੂੰ ਇਕਮੁੱਠ ਕਰਨ ਲਈ ਸੰਘਰਸ਼ਸ਼ੀਲ ਸੀ, ਉਥੇ ਇਹ ਪੂਰੇ ਵਿਸ਼ਵ ਵਾਸਤੇ ਵੀ ਮਨੁੱਖੀ ਭਰਾਤਰੀ ਦਾ ਸੰਦੇਸ਼ ਸਮੋਈ ਬੈਠਾ ਸੀ। ਇਨ੍ਹਾਂ ਪਰਚਿਆਂ 'ਤੇ ਹੋਰਨਾਂ ਅਨੇਕਾਂ ਬੁੱਧੀਜੀਵੀਆਂ ਅਤੇ ਵਿਦਵਾਨਾਂ ਨੇ ਚਰਚਾ ਕੀਤੀ। ਕਾਨਫ਼ਰੰਸ ਵਿਚ ਹਿੱਸਾ ਲੈਣ ਵਾਲਿਆਂ ਵਿਦਵਾਨਾਂ ਵਿਚ ਲਹਿੰਦੇ ਪੰਜਾਬ ਤੋਂ ਡਾ: ਮਨਜ਼ੂਰ ਇਜਾਜ਼, ਸ਼ਰੀਫ਼ ਰਾਮਾ, ਅਮੀਨ ਮਲਿਕ, ਰਾਣੀ ਮਲਿਕ, ਫਰਹਾ ਮਲਿਕ, ਇੰਗਲੈਂਡ ਤੋਂ ਮੋਤਾ ਸਿੰਘ ਸਰਾਏ ਅਤੇ ਚੜ੍ਹਦੇ ਪੰਜਾਬ ਤੋਂ ਡਾ: ਅਜਮੇਰ ਸਿੰਘ ਔਲਖ, ਅਜਮੇਰ ਸਿੰਘ, ਸੁਰਜੀਤ ਪਾਤਰ, ਵਰਿਆਮ ਸਿੰਘ ਸੰਧੂ, ਜਗਜੀਤ ਸਿੰਘ ਅਨੰਦ, ਪ੍ਰੋ: ਪਿਆਰਾ ਸਿੰਘ ਭੋਗਲ, ਜਗਦੀਸ਼ ਸਿੰਘ ਵਰਿਆਮ, ਡਾ: ਹਰਭਜਨ ਸਿੰਘ ਭਾਟੀਆ, ਹਰਭਜਨ ਹੁੰਦਲ, ਡਾ: ਦੀਪਕ ਮਨਮੋਹਨ, ਡਾ: ਐਸ. ਐਸ. ਜੋਸ਼ੀ, ਡਾ: ਰਾਜਪਾਲ, ਡਾ: ਬਲਦੇਵ ਸਿੰਘ ਧਾਲੀਵਾਲ, ਡਾ: ਸੁਖਵਿੰਦਰ ਸਿੰਘ ਸੰਘਾ, ਕਿਰਪਾਲ ਸਿੰਘ ਦਰਦੀ, ਲਖਵਿੰਦਰ ਸਿੰਘ ਜੌਹਲ, ਡਾ: ਨਿਰਦੋਸ਼ ਕੌਰ, ਗੁਰਦੇਵ ਸਿੰਘ ਚੰਦੀ, ਡਾ: ਗੁਰਪਾਲ ਸਿੰਘ ਸੰਧੂ, ਬਲਬੀਰ ਪਰਵਾਨਾ, ਡਾ: ਸੁਖਪਾਲ ਸਿੰਘ ਥਿੰਦ ਅਤੇ ਗੁਰਬਚਨ ਸਿੰਘ ਆਦਿ ਸ਼ਾਮਿਲ ਸਨ।